## ਅਨਾਜ ਦੀ ਢੋਆ ਢੁਆਈ, ਸਟੋਰੇਜ਼ ਕੇਂਦਰਾਂ ਲਈ ਲੇਬਰ/ਕਾਰਟੇਜ ਅਤੇ ਪੀ.ਈ.ਜੀ. ਗੁਦਾਮਾਂ ਦੇ ਲੇਬਰ ਕੰਮ ਸਬੰਧੀ ਸ਼ਾਰਟ ਟਰਮ ਟੈਂਡਰ ਨੋਟਿਸ

ਪੰਜਾਬ ਰਾਜ ਦੀਆਂ ਸਮੂਹ ਖਰੀਦ ਏਜੰਸੀਆਂ ਭਾਵ ਪਨਗਰੇਨ, ਮਾਰਕਫੈਡ, ਪਨਸਪ, ਪੰਜਾਬ ਰਾਜ ਗੁਦਾਮ ਨਿਗਮ, ਪੰਜਾਬ ਐਗਰੋ ਫੂਡਗਰੇਨਜ਼ ਕਾਰਪੋਰੇਸ਼ਨ ਅਤੇ ਐਫ.ਸੀ.ਆਈ. ਦੇ ਕੰਮ ਸਬੰਧੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਨਿਰਦੇਸ਼ਾਂ ਦੀ ਪਾਲਣਾ ਹਿੱਤ ਸਾਲ 2017-18 ਵਾਸਤੇ ਉਕਤ ਕੰਮ ਦੀ ਠੇਕਾ ਪੂਰਤੀ (01-04-2017 ਤੋਂ 31-03-2018 ਤੱਕ (ਰੱਬੀ ਅਤੇ ਖਰੀਫ ਸੀਜਨ) ਲਈ ਚਾਹਵਾਨ ਟਰਾਂਸਪੋਰਟ ਠੇਕੇਦਾਰਾਂ ਅਤੇ ਲੇਬਰ ਠੇਕੇਦਾਰਾਂ ਪਾਸੋ ਈ.ਟੈਂਡਰ ਪ੍ਰੀਕਿਰਿਆ ਰਾਂਹੀ ਟੈਂਡਰ ਮੰਗੇ ਗਏ ਸਨ ਪਰੰਤੂ ਕੁਝ ਤਕਨੀਕੀ/ਪ੍ਰਸਾਸ਼ਨਿਕ ਕਾਰਨਾ ਕਰਕੇ ਟੈਂਡਰ ਪੂਰਨ ਰੂਪ ਵਿੱਚ ਮੁਕੰਮਲ ਨਹੀਂ ਹੋ ਸਕੇ। ਇਸ ਲਈ ਉਕਤ ਕੰਮ ਸਬੰਧੀ ਪਹਿਲਾਂ ਮੰਗੇ ਗਏ ਸਾਰੇ ਟੈਂਡਰ ਰੱਦ ਕੀਤੇ ਜਾਂਦੇ ਹਨ।

ਸਰਕਾਰ ਵੱਲੋਂ ਢੋਆ ਢੁਆਈ ਅਤੇ ਲੇਬਰ/ਕਾਰਟੇਜ, ਸਟੋਰੇਜ਼ ਪੁਆਇੰਟਾਂ (ਓਪਨ ਪਲਿੰਥਾਂ ਅਤੇ ਕਵਰਡ ਗੁਦਾਮ) ਅਤੇ ਪੀ.ਈ.ਜੀ. ਗੁਦਾਮਾਂ ਦੇ ਲੇਬਰ ਕੰਮ ਸਬੰਧੀ ਪਾਲਿਸੀਆਂ ਵਿੱਚ ਅੰਸ਼ਿਕ ਸੋਧਾਂ ਕੀਤੀਆਂ ਗਈਆਂ ਹਨ, ਜਿਸਦੇ ਵੇਰਵੇ ਹੇਠ ਦਰਸਾਈਆਂ ਵੈਬਸਾਈਟਾਂ ਤੇ ਉਪਲਬਧ ਹਨ।

ਹੁਣ ਢੋਆ-ਢੁਆਈ ਅਤੇ ਲੇਬਰ/ਕਾਰਟੇਜ, ਸਟੋਰੇਜ਼ ਪੁਆਇੰਟ (ਓਪਨ ਪਲਿੰਥਾਂ ਅਤੇ ਕਵਰਡ ਗੁਦਾਮ) ਅਤੇ ਪੀ.ਈ.ਜੀ. ਗੁਦਾਮਾਂ ਦੇ ਲੇਬਰ ਕੰਮ ਦੇ ਚਾਹਵਾਨ ਟੈਂਡਰਕਾਰਾਂ ਵੱਲੋਂ ਟੈਂਡਰ ਸਮੂਹ ਜ਼ਿਲਿਆਂ ਲਈ ਮਿਤੀ 20-03-2017 ਤੋਂ ਮਿਤੀ 24-03-2017, ਸ਼ਾਮ 5-00 ਵਜੇ ਤੱਕ ਪਾਏ ਜਾਣਗੇ ਅਤੇ ਪਾਏ ਗਏ ਟੈਡਰ ਮਿਤੀ 25-03-2017 ਨੂੰ ਸਬੰਧਤ ਜਿਲੇ ਦੇ ਡਿਪਟੀ ਕਮਿਸ਼ਨਰ ਦੇ ਦਫਤਰ ਜਾਂ ਉਨ੍ਹਾਂ ਵੱਲੋਂ ਨਿਸ਼ਚਿਤ ਕੀਤੇ ਸਥਾਨ, (ਜਿਸ ਬਾਰੇ ਜਾਣਕਾਰੀ ਸਬੰਧਤ ਡਿਪਟੀ ਕਮਿਸ਼ਨਰ ਜਾਂ ਜ਼ਿਲਾ ਖੁਰਾਕ ਤੇ ਸਪਲਾਈਜ਼ ਕੰਟਰੋਲਰ ਦੇ ਦਫਤਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ), ਵਿਖੇ ਟੈਡਰ ਅਲਾਟਮੈਂਟ ਕਮੇਟੀ ਦੁਆਰਾ ਟੈਡਰਕਾਰ, ਜੋ ਕਿ ਹਾਜ਼ਰ ਹੋਣਾ ਚਾਹੁੰਦੇ ਹਨ, ਦੀ ਹਾਜ਼ਰੀ ਵਿਚ ਖੋਲੇ ਜਾਣਗੇ।

ਟੈਂਡਰ ਸਬੰਧੀ ਸ਼ਰਤਾਂ ਅਤੇ ਸਮੇਂ-ਸਮੇਂ ਤੇ ਜਾਰੀ ਕੀਤੀਆਂ ਗਈਆਂ ਸੋਧਾਂ ਅਤੇ ਹਦਾਇਤਾਂ ਦੀ ਜਾਣਕਾਰੀ ਵਿਭਾਗ ਦੀ ਹੇਠ ਦਰਸਾਈ ਵੈਬਸਾਇਟ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਇਸ ਬਾਰੇ ਹੋਰ ਵਧੇਰੀ ਜਾਣਕਾਰੀ ਹਿੱਤ ਵੈਬਸਾਇਟ www.foodsuppb.nic.in ਅਤੇ **https://etender.Punjabgovt.gov.in** ਤੇ ਜਾਂ ਹੈਲਪਲਾਇਨ ਨੰਬਰ 92572-09340, 80546-28821, 0172-3934667 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਬਾ ਹੁਕਮ<br>
ਡਾਇਰੈਕਟਰ ਖੁਰਾਕ, ਸਿਵਲ ਸਪਲਾਈਜ਼ ਅਤੇ<br>
ਖਪਤਕਾਰ ਮਾਮਲੇ ਵਿਭਾਗ ਪੰਜਾਬ।